# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

**ਵਿਸ਼ਾ**: e-Resources ਅਤੇ MOOC ਸੰਬਧੀ।

**ਸਮੂਹ ਅਧਿਆਪਕ ਸਾਹਿਬਾਨ,**

ਆਪ ਜੀ ਦੀ ਤੰਦਰੁਸਤੀ ਅਤੇ ਸੁਰੱਖਿਆ ਦੀ ਆਸ ਕਰਦਾ ਹਾਂ। ਹਸਤਾਖ਼ਰਕਰਤਾ ਦੇ ਦਫ਼ਤਰ ਵੱਲੋਂ ਜਾਰੀ ਪੱਤਰ ਨੰ. ਸਪੈਸ਼ਲ ਨੰ. 10/ਡੀ.ਏ.ਏ. ਮਿਤੀ 31-03-2020 ਅਨੁਸਾਰ COVID-19 ਦੁਆਰਾ ਉਤਪੰਨ ਹੋਈ ਸਥਿਤੀ ਤੋਂ ਬਚਾਅ ਲਈ ਯੂਨੀਵਰਸਿਟੀ 14-04-2020 ਤਕ ਬੰਦ ਕਰ ਦਿੱਤੀ ਗਈ ਹੈ।

ਮਾਨਯੋਗ ਵਾਈਸ ਚਾਂਸਲਰ ਸਾਹਿਬ ਵੱਲੋਂ ਦੋ ਹਫ਼ਤੇ ਪਹਿਲਾਂ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਦੇ ਬਾਹਰਲੇ ਕੇਂਦਰਾਂ ਵਿਖੇ ਪੜ੍ਹ ਰਹੇ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਇਸ lockdown ਦੌਰਾਨ ਵੀ e-learning ਵਿਧੀ ਦੁਆਰਾ ਅਤੇ ਯੂ.ਜੀ.ਸੀ. ਵੱਲੋਂ ਸਾਂਝੀਆਂ ਕੀਤੀਆਂ ਉਨ੍ਹਾਂ ਦੀਆਂ ਆਈ.ਸੀ.ਟੀ. ਸਬੰਧੀ ਪਹਿਲਕਦਮੀਆਂ ਨੂੰ ਅਧਿਆਪਨ ਕਾਰਜ ਵਿਚ ਸ਼ਾਮਿਲ ਕਰਕੇ ਜਾਰੀ ਰੱਖਣ ਲਈ ਨਵੇਕਲਾ ਕਦਮ ਚੁੱਕਿਆ। ਉਨ੍ਹਾਂ ਨੇ ਤਸੱਲੀ ਜਤਾਈ ਹੈ ਕਿ ਅਧਿਆਪਕ ਸਾਹਿਬਾਨ ਵੱਲੋਂ ਉਨ੍ਹਾਂ ਦੀ ਇਸ ਪਹਿਲ ਨੂੰ ਭਰਮਾ ਹੁੰਗਾਰਾ ਮਿਲਿਆ ਹੈ। ਉਨ੍ਹਾਂ ਨੂੰ ਮਿਲੀ ਜਾਣਕਾਰੀ ਅਨੁਸਾਰ ਅਧਿਆਪਕ ਬਹੁਤ ਇਮਾਨਦਾਰੀ ਨਾਲ ਆਈ.ਸੀ.ਟੀ. ਦੀ ਵਰਤੋਂ ਕਰ ਕੇ ਨਵੀਨਤਮ ਤਰੀਕਿਆਂ ਨਾਲ e-resources ਤਿਆਰ ਕਰ ਕੇ ਆਪਣੇ ਫ਼ਰਜ਼ ਨੂੰ ਨਿਭਾ ਰਹੇ ਹਨ। ਉਨ੍ਹਾਂ ਨੇ ਸਾਰੇ ਅਧਿਆਪਕਾਂ ਨੂੰ ਆਪਣੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਹਨ।

1. ਇਸ ਦੌਰਾਨ ਕਈ ਅਧਿਆਪਕ ਸਾਹਿਬਾਨ ਨੇ ਆਪਣੇ ਪੜ੍ਹਾਏ ਜਾ ਰਹੇ ਕੋਰਸਾਂ ਲਈ ਕਈ e-resource(s) ਜਿਵੇਂ ਕੀ ਵੀਡਿਓਜ਼, ਪੀ.ਪੀ.ਟੀ. ਜਾਂ ਹੋਰ ਦਸਤਾਵੇਜ਼ ਤਿਆਰ ਕੀਤੇ ਹਨ। ਜਿਹੜੇ ਅਧਿਆਪਕ ਆਪਣੇ ਦੁਆਰਾ ਤਿਆਰ ਕੀਤੇ e-resource(s) ਯੂਨੀਵਰਸਿਟੀ ਵੈੱਬਸਾਈਟ ਤੇ ਅੱਪਲੋਡ ਕਰਵਾਉਣਾ ਚਾਹੁੰਦਾ ਹਨ ਉਹ ਯੂਨੀਵਰਸਿਟੀ ਕੰਪਿਊਟਰ ਸੈਂਟਰ ਦੇ ਸ਼੍ਰੀ ਅਰਸ਼ਦੀਪ ਸਿੰਘ ਨੂੰ ਉਨ੍ਹਾਂ ਦੇ ਈਮੇਲ arshdeep@pbi.ac.in ਤੇ ਭੇਜ ਸਕਦੇ ਹਨ। ਜੇ ਕਰ ਕਿਸੇ ਅਧਿਆਪਕ ਨੇ ਅਧਿਆਪਨ ਕਾਰਜ ਸਬੰਧੀ ਵੀਡਿਓ ਬਣਾਏ ਹਨ ਉਹ ਆਪਣਾ Youtube Channel ਬਣਾ ਕੇ, ਉਸ ਤੇ ਵੀਡਿਓ ਅੱਪਲੋਡ ਕਰ ਦੇਣ। ਸ਼੍ਰੀ ਅਰਸ਼ਦੀਪ ਸਿੰਘ ਦੀ ਈਮੇਲ ਤੇ Youtube channel ਦਾ ਕੇਵਲ weblink ਹੀ ਭੇਜਿਆ ਜਾਵੇ। e-resources ਅੱਪਲੋਡ ਕਰਵਾਉਣ ਲਈ ਈਮੇਲ ਤੇ ਹੇਠ ਲਿਖੀ ਜਾਣਕਾਰੀ ਭੇਜੀ ਜਾਵੇ ਜੀ -

    1. Name of Teacher :
    2. Complete Official address:
    3. Subject Name (for which content is to uploaded):
    4. Title of the weblink to be displayed under this Subject Name:
    5. Weblink:

ਇਸ ਉਪਰਾਲੇ ਨਾਲ ਤੁਹਾਡੇ ਦੁਆਰਾ ਬਣਾਏ ਗਏ e-resources ਦਾ ਫ਼ਾਇਦਾ ਯੂਨੀਵਰਸਿਟੀ ਦੇ ਬਾਹਰਲੇ ਕੇਂਦਰ ਅਤੇ ਯੂਨੀਵਰਸਿਟੀ ਨਾਲ ਸੰਬੰਧਤ ਕਾਲਜਾਂ ਦੇ ਵਿਦਿਆਰਥੀ ਵੀ ਚੁੱਕ ਸਕਣਗੇ। ਇਸ ਨਾਲ ਤੁਹਾਡੀ ਅਤੇ ਯੂਨੀਵਰਸਿਟੀ ਦੀ Global reach ਵਿਚ ਵਾਧਾ ਹੋਵੇਗਾ। ਅਧਿਆਪਕ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਕੋਈ ਵੀ e-Resource ਜੋ ਕਿ ਯੂਨੀਵਰਸਿਟੀ ਵੈੱਬਸਾਈਟ ਤੇ ਅੱਪਲੋਡ ਕਰਵਾਇਆ ਜਾ ਰਿਹਾ ਹੈ ਉਸ ਸਬੰਧੀ ਕੋਈ copyrights ਸਬੰਧੀ violation ਨਾ ਹੋਵੇ। ਜਿਹੜਾ ਵੀ e-resource(s) ਜਿਸ ਵੀ ਅਧਿਆਪਕ ਦੁਆਰਾ ਅੱਪਲੋਡ ਕਰਵਾਇਆ ਜਾ ਰਿਹਾ ਹੈ, ਉਸਦੀ ਆਪਣੀ ਜ਼ਿਮੇਂਵਾਰੀ ਹੋਵੇਗੀ।

2. ਇਹਨਾਂ ਉਪਰਾਲਿਆਂ ਨੂੰ ਤੁਸੀਂ UG ਅਤੇ PG ਕਲਾਸਾਂ ਲਈ Massive Online Open Course (MOOC) ਦਾ ਪ੍ਰੋਪੋਜ਼ਲ ਤਿਆਰ ਕਰਨ ਲਈ ਵਰਤ ਸਕਦੇ ਹੋ। ਇਸ ਬਾਰੇ ਜਾਣਕਾਰੀ http://cec.nic.in/cec/cecmoocs# ਵੈੱਬ ਸਾਈਟ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਅਧਿਆਪਕ ਇਸ ਵੈੱਬਸਾਈਟ ਤੇ ਉਪਲਬਧ ਦਸਤਾਵੇਜ਼ਾਂ ਵਿਚ ਦਰਸਾਏ ਕੋਰਸਾਂ ਅਨੁਸਾਰ ਆਪਣੀ expertise ਮੁਤਾਬਿਕ MOOCs ਕੋਰਸ ਬਣਾਉਣ ਲਈ ਪ੍ਰੋਪੋਜ਼ਲ ਤਿਆਰ ਕਰ ਸਕਦੇ ਹਨ। ਇਸ ਬਾਰੇ ਜੇ ਕਿਸੇ ਨੂੰ ਕੋਈ ਜਾਣਕਾਰੀ ਚਾਹੀਦੀ ਹੋਵੇ ਤਾਂ Prof.(Dr.) Vishal Goyal, Department of Computer Science ਨਾਲ ਸੰਪਰਕ ਕਰ ਸਕਦੇ ਹੋ। ਆਪ ਵਲੋਂ ਪ੍ਰਾਪਤ ਹੋਏ MOOC ਪ੍ਰੋਪੋਜ਼ਲ ਯੂਨੀਵਰਸਿਟੀ ਦੁਆਰਾ ਯੋਗ ਪ੍ਰਣਾਲੀ ਰਾਹੀਂ ਅਗਲੇਰੀ ਕਾਰਵਾਈ ਲਈ ਭੇਜ ਦਿੱਤੇ ਜਾਣਗੇ।

(ਡੀਨ ਅਕਾਦਮਿਕ ਮਾਮਲੇ)